जिला रेडक्रास सोसायटी, अम्बाला

# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ (ਪੰਜਾਬ)
ਫੋਨ ਨੰ: 0172-2212221, ਈ-ਮੇਲ: scertaffiliation@punjabeducation.gov.in

E-504159 Dated: 19.10.2026

## ਪਬਲਿਕ ਨੋਟਿਸ

**ਵਿਸ਼ਾ:- ਡੀ.ਐਲ.ਐਡ. ਸੈਸ਼ਨ 2026-28 ਦੇ ਦਾਖਲੇ ਲਈ ਸਾਂਝੀ ਪ੍ਰਵੇਸ਼ ਪ੍ਰੀਖਿਆ (Common Entrance Test) ਸਬੰਧੀ।**

ਡੀ.ਐਲ.ਐਡ. ਦੋ ਸਾਲਾ ਕੋਰਸ ਸੈਸ਼ਨ 2026-28 ਵਿਚ ਦਾਖਲੇ ਲਈ ਵਿਭਾਗ ਵੱਲੋਂ ਸਾਂਝੀ ਪ੍ਰਵੇਸ਼ ਪ੍ਰੀਖਿਆ (Common Entrance Test-CET) ਕਰਵਾਈ ਜਾਣੀ ਹੈ। ਉਕਤ ਪ੍ਰਵੇਸ਼ ਪ੍ਰੀਖਿਆ ਨਵੰਬਰ ਦੇ ਦੂਜੇ ਹਫਤੇ ਵਿਚ ਕਰਵਾਈ ਜਾਵੇਗੀ। ਪ੍ਰੀਖਿਆ Objective Type ਹੋਵੇਗੀ, ਜਿਸ ਵਿਚ ਕੁੱਲ 150 Multiple Choice Questions (MCQs) ਹੋਣਗੇ ਅਤੇ ਪ੍ਰੀਖਿਆ ਦਾ ਸਮਾਂ 3 ਘੰਟੇ ਹੋਵੇਗਾ।

CET ਦਾ ਸਿਲੇਬਸ General Knowledge, General Mental Ability, Teaching Potential Test, Punjabi, Hindi, English, Mathematics, Social Science ਅਤੇ Natural Science 'ਤੇ ਆਧਾਰਿਤ ਹੋਵੇਗਾ। ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਪੱਧਰ 10ਵੀਂ ਜਮਾਤ ਦਾ ਹੋਵੇਗਾ। ਉਮੀਦਵਾਰਾਂ ਨੂੰ ਰਜਿਸਟ੍ਰੇਸ਼ਨ, ਪ੍ਰਵੇਸ਼ ਪ੍ਰੀਖਿਆ ਸਬੰਧੀ ਹਦਾਇਤਾਂ, ਐਡਮਿਟ ਕਾਰਡ, ਪ੍ਰੀਖਿਆ ਕੇਂਦਰ ਅਤੇ ਹੋਰ ਤਾਜ਼ਾ ਜਾਣਕਾਰੀ ਲਈ ਵੈੱਬਸਾਈਟ https://ps.ctestservices.com/etadee/ ਨਿਯਮਿਤ ਤੌਰ 'ਤੇ ਵੇਖਣ ਦੀ ਹਦਾਇਤ ਕੀਤੀ ਜਾਂਦੀ ਹੈ। ਉਮੀਦਵਾਰਾਂ ਦੀ ਜਾਣਕਾਰੀ ਲਈ ਪ੍ਰਵੇਸ਼ ਪ੍ਰੀਖਿਆ ਦਾ ਸੈਂਪਲ ਪ੍ਰਸ਼ਨ ਪੱਤਰ ਅਤੇ ਪ੍ਰੀਖਿਆ ਦਾ ਸਿਲੇਬਸ ਇਸ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ।

ਪ੍ਰੀਖਿਆ ਦੀ ਮਿਤੀ/ਸਮਾਂ ਜਾਂ ਹੋਰ ਪ੍ਰਸ਼ਾਸਕੀ ਕਾਰਨਾਂ ਕਰਕੇ ਲੋੜੀਂਦੀ ਤਬਦੀਲੀ, ਜੇ ਕੋਈ ਹੋਵੇ, ਉਪਰੋਕਤ ਵੈੱਬਸਾਈਟ ਰਾਹੀਂ ਸੂਚਿਤ ਕੀਤੀ ਜਾਵੇਗੀ। ਇਸ ਲਈ ਉਮੀਦਵਾਰ ਵੈੱਬਸਾਈਟ ਨੂੰ ਨਿਯਮਿਤ ਤੌਰ 'ਤੇ ਚੈੱਕ ਕਰਦੇ ਰਹਿਣ।

ਨੋਟ: ਉਕਤ ਦਰਸਾਈ ਵੈੱਬਸਾਈਟ ਤੋਂ ਇਲਾਵਾ ਕਿਸੇ ਵੀ ਹੋਰ ਵੈੱਬਸਾਈਟ 'ਤੇ ਡੀ.ਐਲ.ਐਡ. ਸੈਸ਼ਨ 2026-28 ਦੀ ਪ੍ਰਵੇਸ਼ ਪ੍ਰੀਖਿਆ ਸਬੰਧੀ ਜਾਣਕਾਰੀ/ਪ੍ਰਕਿਰਿਆ ਨੂੰ ਅਯੋਗ ਮੰਨਿਆ ਜਾਵੇ।

ਮਿਤੀ: 19.10.2026

**ਸਹੀ/- ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ, ਐਸ.ਏ.ਐਸ. ਨਗਰ।**

DPR/Pb/3350/11/2026-27/16298